BRAMPTON

**Media Release**

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ, ਸ਼ਹਿਰ ਨੂੰ ਸੁਰੱਖਿਅਤ ਰੂਪ ਨਾਲ ਦੁਬਾਰਾ ਖ੍ਹੋਲਣ ਦੀ ਸਟੇਜ 2 ਵੱਲ ਵਧ ਰਹੀ ਹੈ

ਬ੍ਰੈਂਪਟਨ, ਓਨਟੈਰੀਓ (24 ਜੂਨ, 2020) – ਅੱਜ, ਸਿਟੀ ਆਫ ਬ੍ਰੈਂਪਟਨ, ਓਨਟੈਰੀਓ ਸਰਕਾਰ (Government of Ontario) ਦੇ ਐਲਾਨ ਦੇ ਬਾਅਦ ਆਪਣੀ ਬਹਾਲੀ ਦੇ ਅਗਲੇ ਫੇਜ ਵਿੱਚ ਦਾਖਲ ਹੋ ਰਹੀ ਹੈ। ਇਸ ਐਲਾਨ ਵਿੱਚ ਸਰਕਾਰ ਨੇ ਰੀਜਨ ਆਫ ਪੀਲ (Region of Peel) ਨੂੰ, ਸੂਬੇ ਨੂੰ ਦੁਬਾਰਾ ਖ੍ਹੋਲਣ ਦੀ ਸਟੇਜ 2 ਵੱਲ ਵਧਣ ਦੀ ਇਜਾਜ਼ਤ ਦਿੱਤੀ ਹੈ।

ਸਟੇਜ 2 ਦੇ ਹਿੱਸੇ ਵਜੋਂ, ਸਿਟੀ ਹੇਠਾਂ ਲਿਖੀਆਂ ਸੇਵਾਵਾਂ, ਫੈਸਿਲਿਟੀਜ ਅਤੇ ਸਹੂਲਤਾਂ ਨੂੰ ਸੁਰੱਖਿਅਤ ਰੂਪ ਨਾਲ ਦੁਬਾਰਾ ਖ੍ਹੋਲੇਗੀ:

**ਸਮਰ ਕੈਂਪਸ**

ਸਿਟੀ ਆਫ ਬ੍ਰੈਂਪਟਨ, 4 ਤੋਂ 10 ਸਾਲ ਦੇ ਬੱਚਿਆਂ ਲਈ, 13 ਜੁਲਾਈ ਤੋਂ ਲੈ ਕੇ 4 ਸਿਤੰਬਰ ਤੱਕ, ਸੋਧਿਆ ਸਮਰ ਕੈਂਪਸ ਪੇਸ਼ ਕਰ ਰਹੀ ਹੈ। ਇਸ ਵਾਸਤੇ ਰਜਿਸਟਰੇਸ਼ਨ 29 ਜੂਨ ਨੂੰ ਸ਼ੁਰੂ ਹੋ ਰਹੇ ਹਨ, ਜੋ ਔਨਲਾਈਨ ਅਤੇ 311 ਤੇ ਫੋਨ ਕਰਕੇ ਕੀਤੇ ਜਾ ਸਕਦੇ ਹਨ। ਹਿੱਸਾ ਲੈਣ ਵਾਲੇ ਸਾਰੇ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ, ਪ੍ਰੋਗਰਾਮਿੰਗ ਵਿੱਚ, ਬਹੁਤ ਸਾਰੀਆਂ ਵਿਅਕਤੀਗਤ ਇਨਡੋਰ ਅਤੇ ਆਉਟਡੋਰ ਗਤੀਵਿਧੀਆਂ ਸ਼ਾਮਲ ਹੋਣਗੀਆਂ। ਵਧਾਏ ਗਏ ਵਾਧੂ ਸੁਰੱਖਿਆ ਉਪਾਅ ਵੀ ਲਾਗੂ ਕੀਤੇ ਜਾਣਗੇ, ਇਹਨਾਂ ਵਿੱਚ ਸ਼ਾਮਲ ਹਨ:

- ਵੱਧ ਤੋਂ ਵੱਧ ਅੱਠ ਬੱਚੇ ਹਿੱਸਾ ਲੈ ਸਕਣਗੇ ਅਤੇ ਹਰੇਕ ਕੈਂਪ ਗਰੁੱਪ ਵਿੱਚ ਦੋ ਇੰਸਟ੍ਰਕਟਰ ਹੋਣਗੇ
- ਕੈਂਪ ਦੇ ਲੀਡਰ, ਨਿੱਜੀ ਸੁਰੱਖਿਆਤਮਕ ਉਪਕਰਨ ਪਹਿਨਣਗੇ
- ਸਾਰੀਆਂ ਫੈਸਿਲਿਟੀਜ ਵਿਖੇ ਵੱਧ ਵਾਰ ਸਫਾਈ ਅਤੇ ਰੋਗਾਣੂ-ਮੁਕਤ ਕਰਨਾ

**ਸਪਲੈਸ਼ ਪੈਡਸ ਅਤੇ ਪ੍ਰੋਫੈਸਰਸ ਲੇਕ**

ਪੂਰੇ ਬ੍ਰੈਂਪਟਨ ਵਿੱਚ, ਸਪਲੈਸ਼ ਪੈਡਸ, ਸ਼ਨੀਵਾਰ, 27 ਜੂਨ ਨੂੰ ਖੁੱਲਣਗੇ।

ਸਿਟੀ ਦਾ ਅਨੁਮਾਨ ਹੈ ਕਿ ਪ੍ਰੋਫੈਸਰਸ ਲੇਕ (Professor's Lake), ਜੁਲਾਈ ਦੇ ਮੱਧ ਵਿੱਚ ਖੁੱਲ ਜਾਵੇਗੀ। ਜਨਤਾ ਰਿਜ਼ਰਵੇਸ਼ਨ ਬੁਕਿੰਗ ਕਰਵਾ ਕੇ ਬੀਚ ਤੱਕ ਪਹੁੰਚ ਸਕਦੀ ਹੈ।

**ਅਰੇਨਾਜ: ਫਿਗਰ ਸਕੇਟਿੰਗ/ ਹਾਕੀ ਟ੍ਰੇਨਿੰਗ**

29 ਜੂਨ ਤੋਂ ਸ਼ੁਰੂ ਕਰਦੇ ਹੋਏ, ਅਰੇਨਾਜ ਸਿਰਫ਼ ਟ੍ਰੇਨਿੰਗ ਲਈ ਖ੍ਹੋਲੇ ਜਾਣਗੇ। ਇਸ ਸਮੇਂ ਬਿਨਾਂ ਤੈਅ ਮੁਲਾਕਾਤ ਦੇ ਆਉਣ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ ਅਤੇ ਬੁਕਿੰਗਸ, ਸਿਟੀ ਦੇ ਸਟਾਫ਼ ਦੁਆਰਾ 905-874-BOOK ਤੇ ਕੀਤੀਆਂ ਜਾਣਗੀਆਂ। ਕਿਰਾਏ ਤੇ ਲੈਣ ਦੀਆਂ ਬੁਕਿੰਗਸ, 25 ਜੂਨ ਨੂੰ ਸ਼ੁਰੂ ਹੋਣਗੀਆਂ। ਵਧਾਏ ਹੋਏ ਸੁਰੱਖਿਆ ਉਪਾਵਾਂ ਵਿੱਚ ਸ਼ਾਮਲ ਹਨ, ਹਿੱਸਾ ਲੈਣ ਵਾਲਿਆਂ ਦੀ ਸੰਖਿਆ ਨੂੰ, ਕੋਚਾਂ ਸਮੇਤ, ਵੱਧ ਤੋਂ ਵੱਧ 10 ਵਿਅਕਤੀਆਂ ਤੱਕ ਸੀਮਿਤ ਕਰਨਾ। ਇਸ ਸਮੇਂ ਕੱਪੜੇ ਬਦਲਣ ਦੇ ਕਮਰਿਆਂ ਤੱਕ ਪਹੁੰਚ ਨਹੀਂ ਹੋਵੇਗੀ।

**ਸਪੋਰਟਸ ਫੀਲਡਸ, ਟ੍ਰੈਕ ਐਂਡ ਫੀਲਡ, ਬਾਸਕੇਟਬਾਲ ਕੋਰਟਸ**

26 ਜੂਨ ਤੋਂ ਸ਼ੁਰੂ ਕਰਦੇ ਹੋਏ, ਆਊਟਡੋਰ ਬਾਸਕੇਟਬਾਲ ਕੋਰਟਸ, ਜਨਤਾ ਦੀ ਵਰਤੋਂ ਲਈ ਉਪਲਬਧ ਹੋਣਗੀਆਂ।

3 ਜੁਲਾਈ ਨੂੰ, ਆਊਟਡੋਰ ਸਪੋਰਟਸ ਫੀਲਡਸ ਅਤੇ ਬੈਟਿੰਗ ਕੇਜਿਸ, ਸਿਰਫ਼ ਟ੍ਰੇਨਿੰਗ ਲਈ ਇਜਾਜ਼ਤ ਦਿੱਤੀ ਵਰਤੋਂ ਵਾਸਤੇ ਉਪਲਬਧ ਹੋਣਗੇ। ਇਸ ਸਮੇਂ ਬਿਨਾਂ ਤੈਅ ਮੁਲਾਕਾਤ ਦੇ ਆਉਣ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ ਅਤੇ ਬੁਕਿੰਗਸ, ਸਿਟੀ ਦੇ ਸਟਾਫ਼ ਦੁਆਰਾ 905-874-BOOK ਤੇ ਕੀਤੀਆਂ ਜਾਣਗੀਆਂ। ਕੱਪੜੇ ਬਦਲਣ ਦੇ ਕਮਰਿਆਂ ਤੱਕ ਪਹੁੰਚ ਨਹੀਂ ਹੋਵੇਗੀ। ਹਰ ਫੀਲਡ ਵਿੱਚ, ਕੋਚਾਂ ਸਮੇਤ, ਹਿੱਸਾ ਲੈਣ ਵਾਲੇ ਵੱਧ ਤੋਂ ਵੱਧ 10 ਵਿਅਕਤੀਆਂ ਦੀ ਇਜਾਜ਼ਤ ਹੋਵੇਗੀ।

**ਪੈਟਿਓ ਬ੍ਰੈਂਪਟਨ**

ਅੱਜ ਤੋਂ ਸ਼ੁਰੂ ਕਰਦੇ ਹੋਏ ਸਿਟੀ, ਭੋਜਨ ਸਬੰਧੀ ਸੰਸਥਾਨਾਂ ਤੋਂ ਅਸਥਾਈ ਪੈਟਿਓ ਵਿਸਤਾਰਾਂ (Temporary Patio Expansions) ਲਈ ਅਰਜ਼ੀਆਂ ਸਵੀਕਾਰ ਕਰ ਰਹੀ ਹੈ। ਬ੍ਰੈਂਪਟਨ ਵਿੱਚ ਰੈਸਟੋਰੈਂਟਾਂ ਅਤੇ ਬਾਰਸ ਨੂੰ ਆਪਣੇ ਪੈਟਿਓਜ ਨੂੰ ਪਗਡੰਡੀਆਂ ਤੇ ਅਤੇ ਨਿੱਜੀ ਪਾਰਕਿੰਗ ਵਾਲੇ ਖੇਤਰਾਂ ਤੱਕ ਵਧਾਉਣ ਦੀ ਇਜਾਜ਼ਤ ਦਿੱਤੀ ਗਈ ਹੈ, ਜਿਸ ਨਾਲ ਵੱਧ ਲੋਕ ਬਾਹਰ ਬੈਠ ਸਕਣਗੇ। ਕਾਰੋਬਾਰੀਆਂ ਲਈ ਹੋਰ ਜਾਣਕਾਰੀ, ਸਿਟੀ ਦੇ ਪੈਟਿਓ ਬ੍ਰੈਂਪਟਨ ਪੇਜ (Patio Brampton page) ਤੇ ਉਪਲਬਧ ਹੈ।

**ਬ੍ਰੈਂਪਟਨ ਲਾਇਬ੍ਰੇਰੀ**

ਬ੍ਰੈਂਪਟਨ ਲਾਇਬ੍ਰੇਰੀ (Brampton Library), ਸਿਟੀ ਆਫ ਬ੍ਰੈਂਪਟਨ ਅਤੇ ਪੀਲ ਪਬਲਿਕ ਹੈਲਥ (Peel Public Health) ਦੀ ਸਲਾਹ ਨਾਲ, ਆਪਣੀ ਦੁਬਾਰਾ ਖੋਲ੍ਹਣ ਦੀ ਯੋਜਨਾ ਦੇ ਫੇਜ 2 ਦੇ ਤੌਰ ਤੇ, ਚੋਣਵੀਆਂ ਬ੍ਰਾਂਚਾਂ ਵਿਖੇ, ਬਿਨਾਂ ਸੰਪਰਕ ਵਾਲੀ, ਪਗਡੰਡੀ ਦੇ ਕਿਨਾਰੇ ਤੋਂ ਵਸਤਾਂ ਲਿਜਾਣ ਵਾਲੀ ਸੇਵਾ ਪੇਸ਼ ਕਰਨ ਦੀ ਤਿਆਰੀ ਕਰ ਰਹੀ ਹੈ। ਵੇਰਵੇ www.bramptonlibrary.ca ਤੇ ਅਤੇ ਬ੍ਰੈਂਪਟਨ ਲਾਇਬ੍ਰੇਰੀ ਦੇ Facebook ਅਤੇ Twitter, @bramptonlibrary ਤੇ ਉਪਲਬਧ ਹਨ।

**ਲਿੰਕ**

- ਰੇਕ੍ਰੀਏਸ਼ਨ ਸਟੇਜ 2 ਪ੍ਰੋਗਰਾਮ ਅਤੇ ਸੇਵਾਵਾਂ ਦਾ ਦੁਬਾਰਾ ਸ਼ੁਰੂ ਹੋਣਾ (Recreation Stage 2 Programs and Services Resuming)
- ਸਿਟੀ ਵੱਲੋਂ ਦੁਬਾਰਾ ਖੋਲ੍ਹਣ ਅਤੇ ਬੰਦ ਕਰਨ ਦੀ ਪੂਰੀ ਸੂਚੀ (Full list of City reopening and closures)
- ਸਿਟੀ ਆਫ ਬ੍ਰੈਂਪਟਨ ਦਾ ਦੁਬਾਰਾ ਖੁੱਲ੍ਹਣਾ ਅਤੇ ਬਹਾਲੀ (City of Brampton Reopening and Recovery)
- ਸਿਟੀ ਆਫ ਬ੍ਰੈਂਪਟਨ ਦੇ ਕੋਵਿਡ-19 ਸਬੰਧੀ ਅੱਪਡੇਟਸ (City of Brampton COVID-19 Updates)

**ਹਵਾਲੇ**

"ਮੈਨੂੰ ਬੇਹੱਦ ਖੁਸ਼ੀ ਹੈ ਕਿ ਸੂਬੇ ਨੇ ਸ਼ਹਿਰ ਨੂੰ ਦੁਬਾਰਾ ਖੋਲ੍ਹਣ ਦੀ ਆਪਣੀ ਯੋਜਨਾ ਵਿੱਚ, ਵਿਚਾਰਸ਼ੀਲ ਅਤੇ ਰੀਜਨਲ ਦ੍ਰਿਸ਼ਟੀਕੋਣ ਅਪਨਾਇਆ ਹੈ। ਤਿੰਨ ਮਹੀਨੇ ਪਹਿਲਾਂ ਐਮਰਜੈਂਸੀ ਦਾ ਐਲਾਨ ਕਰਨ ਤੋਂ ਬਾਅਦ, ਅੱਜ ਇਹ ਵੱਡੀ ਉਪਲਬਧੀ ਅਤੇ ਸ਼ਾਨਦਾਰ ਪਲ ਹੈ, ਜੋ ਸਾਡੇ ਭਾਈਚਾਰੇ ਵੱਲੋਂ ਪੀਲ ਪਬਲਿਕ ਹੈਲਥ ਦੀ ਸਲਾਹ ਦੀ ਪਾਲਣਾ ਕਰਨ ਦਾ ਨਤੀਜਾ ਹੈ। ਮੈਂ ਜਾਣਦਾ ਹਾਂ ਕਿ ਸਾਡੇ ਨਿਵਾਸੀ ਅਤੇ ਕਾਰੋਬਾਰੀ ਬਹੁਤ ਉਤਸ਼ਾਹਿਤ ਹਨ। ਮੈਂ ਹਰ ਕਿਸੇ ਨੂੰ ਯਾਦ

ਕਰਾਉਣਾ ਚਾਹੁੰਦਾ ਹਾਂ ਕਿ ਸਾਡੀ ਬਹਾਲੀ ਦੀ ਇਸ ਗਤੀ ਨੂੰ ਕਾਇਮ ਰੱਖਣ ਲਈ, ਸਾਡੇ ਵਾਸਤੇ ਸਫਾਈ ਅਤੇ ਸੁਰੱਖਿਆ ਦੀਆਂ ਬਿਹਤਰ ਪੱਧਤੀਆਂ ਦੀ ਪਾਲਣਾ ਕਰਦੇ ਰਹਿਣਾ ਲਾਜ਼ਮੀ ਹੈ।"

- *ਪੈਟਰਿਕ ਬ੍ਰਾਊਨ* (Patrick Brown), *ਮੇਅਰ, ਸਿਟੀ ਆਫ ਬ੍ਰੈਂਪਟਨ*

"ਕਈ ਹਫ਼ਤਿਆਂ ਤੱਕ, ਨਿਵਾਸੀਆਂ ਅਤੇ ਲੋਕਲ ਸਟੇਕਹੋਲਡਰਾਂ ਦੇ ਨਾਲ ਯੋਜਨਾ ਬਣਾਉਣ ਅਤੇ ਉਹਨਾਂ ਨਾਲ ਸ਼ਾਮਲ ਹੋਣ ਤੋਂ ਬਾਅਦ, ਸੂਬੇ ਦੇ ਐਲਾਨ ਦੇ ਮੁਤਾਬਕ, ਸਿਟੀ ਆਪਣੀਆਂ ਸਹੂਲਤਾਂ ਵਿੱਚੋਂ ਕਈ ਨੂੰ ਸੁਰੱਖਿਅਤ ਰੂਪ ਨਾਲ ਦੁਬਾਰਾ ਖ੍ਹੋਲਣ ਅਤੇ ਸੇਵਾਵਾਂ ਦੁਬਾਰਾ ਸ਼ੁਰੂ ਕਰਨ ਲਈ ਤਿਆਰ ਹੈ। ਮੈਂ ਕੋਵਿਡ-19 ਨੂੰ ਫੈਲਣ ਤੋਂ ਰੋਕਣ ਅਤੇ ਸਾਡੇ ਸ਼ਹਿਰ ਦੀ ਪੂਰੀ ਬਹਾਲੀ ਵਿੱਚ ਸਹਿਯੋਗ ਕਰਨ ਲਈ, ਸਾਡੇ ਭਾਈਚਾਰੇ ਦੀ ਲਗਾਤਾਰ ਵਚਨਬੱਧਤਾ ਲਈ ਉਹਨਾਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ।"

- *ਮਾਰਟਿਨ ਮੇਡੇਇਰੋਸ* (Martin Medeiros), *ਰੀਜਨਲ ਕਾਉਂਸਲ, ਵਾਰਡਸ 3 ਅਤੇ 4; ਲੀਡ, ਮੇਅਰਸ ਰੀਓਪਨਿੰਗ ਐਂਡ ਰਿਕਵਰੀ ਵਰਕਿੰਗ ਗਰੁੱਪ*

"ਸਿਟੀ, ਉਹਨਾਂ ਦੇ ਸਿਹਤ ਅਤੇ ਸੁਰੱਖਿਆ ਸਬੰਧੀ ਨਿਰਦੇਸ਼ਾਂ ਅਤੇ ਨਿਯਮਾਂ ਦੇ ਮੁਤਾਬਕ, ਸਾਡੀਆਂ ਫੈਸਿਲਿਟੀਜ ਅਤੇ ਸਹੂਲਤਾਂ ਨੂੰ ਦੁਬਾਰਾ ਖ੍ਹੋਲਣ ਵਿੱਚ, ਪੀਲ ਪਬਲਿਕ ਹੈਲਥ ਦੇ ਨਾਲ ਮਿਲ ਕੇ ਕੰਮ ਕਰ ਰਹੀ ਹੈ। ਕਰਮਚਾਰੀਆਂ, ਨਿਵਾਸੀਆਂ ਅਤੇ ਆਉਣ ਵਾਲਿਆਂ ਦੀ ਸਿਹਤ, ਲਗਾਤਾਰ ਸਾਡੀ ਤਰਜੀਹ ਬਣੀ ਹੋਈ ਹੈ। ਅਸੀਂ ਆਪਣੇ ਸੰਗਠਨ ਦੇ ਖੇਤਰਾਂ ਨੂੰ ਦੁਬਾਰਾ ਚਾਲੂ ਕਰਨਾ ਸ਼ੁਰੂ ਕਰ ਰਹੇ ਹਾਂ, ਇਸਲਈ ਪੂਰੀ ਸਿਟੀ ਵਿੱਚ ਵਾਧੂ ਸੁਰੱਖਿਆ ਉਪਾਅ ਲਾਗੂ ਕੀਤੇ ਜਾਣਗੇ।"

- *ਡੇਵਿਡ ਬੈਰਿਕ* (David Barrick), *ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca